# ਦਫਤਰ ਜਿਲ੍ਹਾ ਮੈਜਿਸਟਰੇਟ, ਰੂਪਨਗਰ।

## (ਫੁਟਕਲ ਸ਼ਾਖਾ)

ਹੁਕਮ:

ਗਰਮੀ ਦਾ ਮੌਸਮ ਚੱਲ ਰਿਹਾ ਹੈ। ਮੇਰੇ ਧਿਆਨ ਵਿਚ ਆਇਆ ਹੈ ਕਿ ਇਸ ਮੌਸਮ ਦੌਰਾਨ ਬੱਚੇ ਅਤੇ ਆਮ ਵਿਅਕਤੀ ਗਰਮੀ ਦੀ ਮਾਰ ਤੋਂ ਬਚਣ ਲਈ ਆਪਣੇ ਨੇੜੇ ਪੈਂਦੇ ਸਤਲੁਜ ਦਰਿਆ/ਦੂਸਰੀਆਂ ਨਦੀਆਂ, ਨਹਿਰਾਂ ਅਤੇ ਸੂਇਆਂ ਵਿੱਚ ਨਹਾਉਣ/ਤੈਰਨ ਲਈ ਚਲੇ ਜਾਂਦੇ ਹਨ। ਸਤਲੁਜ ਦਰਿਆ/ਸਾਰੀਆਂ ਨਦੀਆਂ/ਨਹਿਰਾਂ ਅਤੇ ਸੂਇਆਂ ਵਿੱਚ ਪਾਣੀ ਅਚਾਨਕ ਵੱਧ ਜਾਂਦਾ ਹੈ ਜਾਂ ਕਈਆਂ ਨੂੰ ਡੂੰਘੇ ਹੋਣ ਦਾ ਗਿਆਨ ਨਹੀ ਹੁੰਦਾ। ਜਿਸ ਕਾਰਨ ਉਨ੍ਹਾਂ ਦਾ ਸੰਭਲਣਾ ਮੁਸ਼ਕਲ ਹੋ ਜਾਂਦਾ ਹੈ ਅਤੇ ਡੁੱਬ ਕੇ ਮੌਤ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਲਈ ਸਤਲੁਜ ਦਰਿਆ/ਦੂਸਰੀਆਂ ਨਦੀਆਂ, ਨਹਿਰਾਂ ਅਤੇ ਸੂਇਆਂ ਵਿੱਚ ਨਹਾਉਣ ਤੇ ਪਾਬੰਦੀ ਲਗਾਉਣੀ ਜਰੂਰੀ ਸਮਝੀ ਜਾਂਦੀ ਹੈ।

ਇਸ ਲਈ ਮੈਂ, ਸੁਮੀਤ ਕੁਮਾਰ ਜਾਰੰਗਲ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਰੂਪਨਗਰ ਫੌਜਦਾਰੀ ਜਾਬਤਾ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਇਆ ਜਿਲ੍ਹਾ ਰੂਪਨਗਰ ਦੀ ਹਦੂਦ ਅੰਦਰ ਆਉਂਦੇ ਸਤਲੁਜ ਦਰਿਆ/ਹੋਰ ਸਾਰੀਆਂ ਨਦੀਆਂ, ਨਹਿਰਾਂ ਅਤੇ ਸੂਇਆਂ ਵਿੱਚ ਬੱਚੇ ਅਤੇ ਆਮ ਵਿਅਕਤੀਆਂ ਦੇ ਨਹਾਉਣ ਤੇ ਪੂਰਨ ਪਾਬੰਦੀ ਲਗਾਉਂਦਾ ਹਾਂ।

**ਇਹ ਹੁਕਮ ਮਿਤੀ 07-06-2019 ਤੋਂ 06-08-2019 ਤੱਕ ਲਾਗੂ ਰਹੇਗਾ।**

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕਰਕੇ ਆਮ ਜਨਤਾ ਦੇ ਨਾਮ ਤੇ ਜਾਰੀ ਕੀਤਾ ਜਾਂਦਾ ਹੈ। ਸੀਨੀਅਰ ਪੁਲਿਸ ਕਪਤਾਨ,ਰੂਪਨਗਰ ਅਤੇ ਕਾਰਜਕਾਰੀ ਇੰਜੀਨੀਅਰ ਸਰਹੰਦ ਕੈਨਾਲ,ਰੂਪਨਗਰ ਇਸ ਹੁਕਮ ਦੀ ਪਾਲਣਾ ਕਰਵਾਉਣਾ ਯਕੀਨੀ ਬਣਾਉਣਗੇ। ਜਿਲ੍ਹਾ ਲੋਕ ਸੰਪਰਕ ਅਫਸਰ, ਰੂਪਨਗਰ ਦੀ ਪ੍ਰਚਾਰ ਵੈਨ ਅਤੇ ਪ੍ਰੈਸ ਮੀਡੀਆ ਰਾਹੀਂ ਪ੍ਰਚਾਰ ਹੋਵੇ। ਇਸ ਹੁਕਮ ਦੀਆਂ ਨਕਲਾਂ ਇਸ ਜਿਲ੍ਹੇ ਦੇ ਥਾਣਿਆ, ਨਗਰ ਪਾਲਿਕਾਂ, ਉਪ ਮੰਡਲ ਮੈਜਿਸਟਰੇਟਸ ਦੇ ਦਫਤਰਾਂ, ਤਹਿਸੀਲ ਦਫਤਰਾਂ, ਗਰਾਮ ਪੰਚਾਇਤਾਂ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇ।

ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਅਧੀਨ ਅੱਜ ਮਿਤੀ 5/6/19 ਨੂੰ ਜਾਰੀ ਕੀਤਾ ਗਿਆ।

-ਸਹੀ-

ਸੁਮੀਤ ਕੁਮਾਰ ਜਾਰੰਗਲ,ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ,ਰੂਪਨਗਰ।

ਪਿੱਠ ਅੰਕਣ ਨੰ: 11761-810 /ਫਸ ਮਿਤੀ 6/6/19

ਇਸ ਦਾ ਇੱਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
3. ਕਮਿਸ਼ਨਰ, ਰੂਪਨਗਰ ਮੰਡਲ ਰੂਪਨਗਰ।
4. ਡੀ.ਆਈ.ਜੀ., ਰੂਪਨਗਰ ਰੇਂਜ, ਰੂਪਨਗਰ।
5. ਡੀ.ਆਈ.ਜੀ., ਸੀ.ਆਈ.ਡੀ., ਪੰਜਾਬ, ਚੰਡੀਗੜ੍ਹ।
6. ਸਮੂਹ ਜਿਲ੍ਹਾਂ ਮੈਜਿਸਟਰੇਟ, ਅਜੀਤਗੜ੍ਹ (ਮੋਹਾਲੀ), ਪਟਿਆਲਾ, ਫਤਿਹਗੜ੍ਹ ਸਾਹਿਬ, ਸੰਗਰੂਰ, ਬਰਨਾਲਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਿਰੋਜ਼ਪੁਰ, ਮਾਨਸਾ, ਮੋਗਾ, ਲੁਧਿਆਣਾ, ਜਲੰਧਰ, ਕਪੂਰਥਲਾ, ਤਰਨਤਾਰਨ, ਅਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ), ਫਾਜਿਲਕਾ, ਪਠਾਨਕੋਟ।
7. ਜਿਲ੍ਹਾ ਤੇ ਸ਼ੈਸ਼ਨ ਜੱਜ, ਰੂਪਨਗਰ।
8. ਸੀਨੀਅਰ ਪੁਲਿਸ ਕਪਤਾਨ, ਰੂਪਨਗਰ (20 ਕਾਪੀਆਂ)
9. ਉਪ ਮੰਡਲ ਮੈਜਿਸਟਰੇਟ, ਰੂਪਨਗਰ/ਸ੍ਰੀ ਚਮਕੌਰ ਸਾਹਿਬ/ਸ੍ਰੀ ਆਨੰਦਪੁਰ ਸਾਹਿਬ/ਨੰਗੱਲ/ਮੋਰਿੰਡਾ
10. ਕਾਰਜਕਾਰੀ ਇੰਜੀਨੀਅਰ, ਸਰਹੰਦ ਕੈਨਾਲ, ਰੂਪਨਗਰ।
11. ਕਾਰਜਕਾਰੀ ਇੰਜੀਨੀਅਰ, ਡਰੇਨਜ, ਰੂਪਨਗਰ।
12. ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਰੂਪਨਗਰ।
13. ਤਹਿਸੀਲਦਾਰ,ਰੂਪਨਗਰ/ਸ੍ਰੀ ਅਨੰਦਪੁਰ ਸਾਹਿਬ/ਨੰਗਲ/ਮੋਰਿੰਡਾ/ਸ੍ਰੀ ਚਮਕੌਰ ਸਾਹਿਬ
14. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਰੂਪਨਗਰ/ ਸ੍ਰੀ ਚਮਕੌਰ ਸਾਹਿਬ/ਮੋਰਿੰਡਾ/ ਸ੍ਰੀ ਆਨੰਦਪੁਰ ਸਾਹਿਬ/ ਨੰਗਲ।
15. ਕਾਰਜ ਸਾਧਕ ਅਫਸਰ,ਨਗਰ ਪੰਚਾਇਤ ਸ੍ਰੀ ਚਮਕੌਰ ਸਾਹਿਬ/ਕੀਰਤਪੁਰ ਸਾਹਿਬ
16. ਜਿਲ੍ਹਾ ਲੋਕ ਸੰਪਰਕ ਅਫਸਰ, ਰੂਪਨਗਰ (10 ਕਾਪੀਆਂ)
17. ਸਮੂਹ ਬੀ.ਡੀ.ਪੀ.ਓਜ਼, ਜਿਲ੍ਹਾ ਰੂਪਨਗਰ।
18. ਜਿਲ੍ਹਾ ਸੂਚਨਾ ਅਫਸਰ, ਰੂਪਨਗਰ
19. ਪੀ.ਏ. ਟੂ ਡੀ.ਐਮ.,/ਏ.ਡੀ.ਐਮ., ਰੂਪਨਗਰ

ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Kewal

ਵਧੀਕ ਜਿਲ੍ਹਾ ਮੈਜਿਸਟਰੇਟ,
ਰੂਪਨਗਰ।